CANCER RESEARCH UK

NHS

Cancer Screening Programmes

# Bowel Cancer Screening
## ਆਂਤੜੀਆਂ ਦੇ ਕੈਂਸਰ ਦੀ ਸਕ੍ਰੀਨਿੰਗ (ਪਰਖ ਕਰਨਾ)

# The facts
## ਕੁਝ ਸੱਚੀਆਂ ਗੱਲਾਂ

### *ਇਸ ਪਰਚੇ ਦਾ ਮੰਤਵ ਕੀ ਹੈ?*

ਇਸ ਪਰਚੇ ਵਿਚ ਆਂਤੜੀਆਂ ਦੇ ਕੈਂਸਰ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਹੈ ਕਿ ਆਂਤੜੀਆਂ ਦੇ ਕੈਂਸਰ ਦੀ ਸਕ੍ਰੀਨਿੰਗ ਕਰਵਾਉਣ ਦੇ ਕੀ ਫ਼ਾਇਦੇ ਅਤੇ ਖ਼ਤਰੇ ਹੋ ਸਕਦੇ ਹਨ। ਇਹਦਾ ਮੰਤਵ ਤੁਹਾਨੂੰ ਐਨ ਐੱਚ ਐੱਸ (ਨੈਸ਼ਨਲ ਹੈਲਥ ਸਰਵਿਸ) ਦੇ ਬਾਓਲ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ (ਆਂਤੜੀਆਂ ਦੇ ਕੈਂਸਰ ਦੀ ਸਕ੍ਰੀਨਿੰਗ ਦੇ ਪ੍ਰੋਗਾਮ) ਵਿਚ ਸੋਚ ਸਮਝ ਕੇ ਹਿੱਸਾ ਲੈਣ ਦਾ ਫ਼ੈਸਲਾ ਕਰਨ ਦੇ ਯੋਗ ਬਣਾਉਣਾ ਹੈ।

### *ਬਾਓਲ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਦਾ ਮਕਸਦ ਕੀ ਹੈ?*

- ਬਾਓਲ ਕੈਂਸਰ ਸਕ੍ਰੀਨਿੰਗ ਦਾ ਮੰਤਵ ਆਂਤੜੀਆਂ ਦੇ ਕੈਂਸਰ ਦੀ ਸ਼ੁਰੂ ਵਿਚ ਹੀ ਪਛਾਣ ਕਰ ਲੈਣਾ ਹੈ (ਉਹਨਾਂ ਲੋਕਾਂ ਵਿਚ ਜਿਹਨਾਂ ਵਿਚ ਇਹਦੇ ਕੋਈ ਲੱਛਣ ਨਹੀਂ ਦਿਸਦੇ), ਜਿਸ ਵੇਲੇ ਇਹਦਾ ਇਲਾਜ ਵੱਧ ਅਸਰਦਾਈ ਹੋ ਸਕਦਾ ਹੈ।
- ਬਾਓਲ ਕੈਂਸਰ ਸਕ੍ਰੀਨਿੰਗ ਨਾਲ ਪੋਲਿਪਸ (ਗਟੀਆਂ) ਦਾ ਵੀ ਪਤਾ ਲਗ ਸਕਦਾ ਹੈ। ਇਹ ਕੈਂਸਰ ਨਹੀਂ ਹੁੰਦੀਆਂ, ਪਰ ਕੁਝ ਸਮੇਂ ਬਾਅਦ ਇਹ ਕੈਂਸਰ ਬਣ ਸਕਦੀਆਂ ਹਨ। ਇਹਨਾਂ ਨੂੰ ਸੌਖੀ ਤਰ੍ਹਾਂ ਕੱਢ ਕੇ ਆਂਤੜੀਆਂ ਦਾ ਕੈਂਸਰ ਹੋਣ ਦਾ ਖ਼ਤਰਾ ਟਾਲਿਆ ਜਾ ਸਕਦਾ ਹੈ।

### *ਕੀ ਬਾਓਲ ਕੈਂਸਰ ਸਕ੍ਰੀਨਿੰਗ ਕਰਨਾ ਜ਼ਰੂਰੀ ਹੈ?*

- ਯੂ ਕੇ ਵਿਚ 20 ਲੋਕਾਂ ਵਿਚੋਂ ਲੱਗਭਗ 1 ਨੂੰ ਆਂਤੜੀਆਂ ਦਾ ਕੈਂਸਰ ਹੋ ਜਾਂਦਾ ਹੈ।
- ਯੂ ਕੇ ਵਿਚ ਸਭ ਤੋਂ ਵੱਧ ਹੋਣ ਵਾਲੇ ਕੈਂਸਰਾਂ ਵਿਚੋਂ ਇਹਦਾ ਨੰਬਰ ਤੀਸਰਾ ਹੈ ਅਤੇ ਜਾਨਲੇਵਾ ਕੈਂਸਰਾਂ ਵਿਚ ਇਹਦਾ ਨੰਬਰ ਦੂਸਰਾ ਹੈ। ਹਰ ਸਾਲ ਇਹ 16,000 ਤੋਂ ਵੱਧ ਲੋਕਾਂ ਦੀ ਜਾਨ ਲੈਂਦਾ ਹੈ (ਕੈਂਸਰ ਰਿਸਰਚ ਯੂ ਕੇ, 2005; *Cancerstats*).
- ਇਸ ਗੱਲ ਦਾ ਪਤਾ ਲੱਗ ਚੁੱਕਿਆ ਹੈ ਕਿ ਆਂਤੜੀਆਂ ਦੇ ਕੈਂਸਰ ਦੀ ਬਾਕਾਇਦਾ ਸਕ੍ਰੀਨਿੰਗ ਕਰਵਾਉਂਦੇ ਰਹਿਣ ਨਾਲ ਇਸ ਕੈਂਸਰ ਨਾਲ ਮੌਤ ਹੋਣ ਦਾ ਖ਼ਤਰਾ 16% ਘਟ ਜਾਂਦਾ ਹੈ (Cochrane Database of Systematic Reviews, 2006. *Screening for colorectal cancer using the faecal occult blood test: an update*).


### *ਐਨ ਐੱਚ ਐੱਸ ਬਾਓਲ ਕੈਂਸਰ ਸਕ੍ਰੀਨਿੰਗ ਕੀ ਹੈ?*

**ਐਨ ਐੱਚ ਐੱਸ ਬਾਓਲ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਵਿਚ 60 ਤੋਂ 69 ਸਾਲ ਤਕ ਦੀ ਉਮਰ ਦੇ ਸਾਰੇ ਮਰਦਾਂ ਅਤੇ ਔਰਤਾਂ ਨੂੰ ਹਰ ਦੋ ਸਾਲਾਂ ਬਾਅਦ ਸਕ੍ਰੀਨਿੰਗ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।** ਇਸ ਉਮਰ ਦੇ ਲੋਕਾਂ ਨੂੰ ਆਪਣੇ ਆਪ ਹੀ ਸਕ੍ਰੀਨਿੰਗ ਕਰਵਾਉਣ ਲਈ ਸੱਦਾ, ਅਤੇ ਬਾਅਦ ਵਿਚ ਸਕ੍ਰੀਨਿੰਗ ਕਿੱਟ (ਸਕ੍ਰੀਨਿੰਗ ਕਰਨ ਦਾ ਸਾਮਾਨ) ਭੇਜਿਆ ਜਾਂਦਾ ਹੈ, ਤਾਕਿ ਉਹ ਘਰ ਵਿਚ ਖ਼ੁਦ ਆਪਣਾ ਟੈਸਟ ਕਰ ਸਕਣ। ਤੁਹਾਡੇ ਨਾਲ ਰਾਬਤਾ ਕਰਨ ਬਾਰੇ ਜਾਣਕਾਰੀ ਤੁਹਾਡਾ ਜੀ ਪੀ ਡਾਕਟਰ ਭੇਜਦਾ ਹੈ, ਇਸ ਕਰਕੇ ਇਹ ਜ਼ਰੂਰੀ ਹੈ ਕਿ ਤੁਹਾਡਾ ਸਹੀ ਨਾਂ ਅਤੇ ਪਤਾ ਉਹਦੇ ਕੋਲ ਹੋਵੇ।

**ਤੁਹਾਡੇ ਪਹਿਲੇ ਸਕ੍ਰੀਨਿੰਗ ਟੈਸਟ ਤੋਂ ਬਾਅਦ ਤੁਹਾਡੀ ਉਮਰ 69 ਸਾਲ ਹੋ ਜਾਣ ਤਕ ਤੁਹਾਨੂੰ ਹਰ ਦੋ ਸਾਲਾਂ ਮਗਰੋਂ ਸਕ੍ਰੀਨਿੰਗ ਲਈ ਹੋਰ ਸੱਦਾ ਅਤੇ ਸਕ੍ਰੀਨਿੰਗ ਕਿੱਟ ਭੇਜੀ ਜਾਂਦੀ ਹੈ।** ਜੇ ਤੁਹਾਡੀ ਉਮਰ 70 ਸਾਲ ਜਾਂ ਵੱਧ ਹੈ, ਤਾਂ ਤੁਸੀਂ ਇਸ ਪਰਚੇ ਦੇ ਅਖ਼ੀਰ ਵਿਚ ਦਿੱਤੇ ਫ਼੍ਰੀਫ਼ੋਨ ਨੰਬਰ 'ਤੇ ਫ਼ੋਨ ਕਰਕੇ ਸਕ੍ਰੀਨਿੰਗ ਕਿਟ ਮੰਗਵਾ ਸਕਦੇ ਹੋ।

## *ਆਂਤੜੀ ਕੀ ਕੰਮ ਕਰਦੀ ਹੈ?*

ਆਤੜੀ ਤੁਹਾਡੇ ਸਰੀਰ ਦੇ ਪਾਚਨ ਪ੍ਰਬੰਧ ਦਾ ਹਿੱਸਾ ਹੈ ਅਤੇ ਇਹ ਛੋਟੀ ਆਂਤੜੀ ਅਤੇ ਵੱਡੀ ਆਂਤੜੀ ਨਾਂ ਦੇ ਦੋ ਹਿੱਸਿਆਂ ਵਿਚ ਵੰਡੀ ਹੁੰਦੀ ਹੈ। ਵੱਡੀ ਆਂਤੜੀ ਦੋ ਹਿੱਸੇ ਕੋਲਨ ਅਤੇ ਰੈਕਟਮ ਹਨ।




ਆਂਤੜੀ ਦੀ ਤਸਵੀਰ

Stomach - ਪੇਟ; Small bowel - ਛੋਟੀ ਆਂਤੜੀ; Colon (large bowel) - ਕੋਲਨ (ਵੱਡੀ ਆਂਤੜੀ)
Anus - ਗੁਦਾ; Rectum (large bowel) - ਰੈਕਟਮ (ਵੱਡੀ ਆਂਤੜੀ)

ਪੇਟ ਵਿੱਚੋਂ ਖਾਣਾ ਛੋਟੀ ਆਂਤੜੀ ਵਿਚ ਜਾਂਦਾ ਹੈ। ਛੋਟੀ ਆਂਤੜੀ ਭੋਜਨ ਵਿੱਚੋਂ ਪੌਸ਼ਟਿਕ ਤੱਤ ਕੱਢ ਕੇ ਸਰੀਰ ਵਿਚ ਭੇਜਦੀ ਹੈ, ਖਾਣੇ ਦੇ ਅਣਪਚੇ ਹਿੱਸੇ ਵੱਡੀ ਆਂਤੜੀ ਵਿਚ ਚਲੇ ਜਾਂਦੇ ਹਨ, ਜਿੱਥੇ ਇਹਨਾਂ ਵਿੱਚੋਂ ਪਾਣੀ ਕੱਢ ਲਿਆ ਜਾਂਦਾ ਹੈ। ਇਹ ਫ਼ਜ਼ੂਲ ਚੀਜ਼ ਰੈਕਟਮ ਵਿਚ ਤਦ ਤਕ ਪਈ ਰਹਿੰਦੀ ਹੈ, ਜਦ ਤਕ ਇਹ ਗੁਦਾ ਰਾਹੀਂ ਪਾਖਾਨੇ ਦੇ ਰੂਪ ਵਿਚ ਬਾਹਰ ਨਹੀਂ ਨਿਕਲ ਜਾਂਦੀ।

## *ਆਂਤੜੀਆਂ ਦਾ ਕੈਂਸਰ ਕੀ ਹੈ?*

ਬਾਓਲ ਕੈਂਸਰ ਜਾਂ ਆਂਤੜੀਆਂ ਦੇ ਕੈਸਰ ਨੂੰ ਕੋਲਨ, ਰੈਕਟਲ ਜਾਂ ਕੋਲੋਰੈਕਟਲ ਕੈਂਸਰ ਵੀ ਆਖਿਆ ਜਾਂਦਾ ਹੈ। ਆਂੜਤੀ ਦੀ ਅੰਦਰਲੀ ਤਹਿ ਸੈੱਲਾਂ ਦੀ ਬਣੀ ਹੁੰਦੀ ਹੈ, ਜਿੱਥੇ ਸਦਾ ਪੁਰਾਣੇ ਸੈੱਲਾਂ ਦੀ ਥਾਂ ਨਵੇਂ ਆਉਂਦੇ ਰਹਿੰਦੇ ਹਨ। ਕਈ ਵਾਰ ਇਹ ਸੈੱਲ ਲੋੜ ਤੋਂ ਵੱਧ ਤੇਜ਼ੀ ਨਾਲ ਬਣਨੇ ਸ਼ੁਰੂ ਜੋ ਜਾਂਦੇ ਹਨ, ਜਿਹਨਾਂ ਨਾਲ ਆਂਤੜੀ ਵਿਚ ਪੋਲਿਪਸ ਜਾਂ ਗਟੀਆਂ ਬਣ ਜਾਂਦੀਆਂ ਹਨ (ਜਿਹਨਾਂ ਨੂੰ ਕਈ ਵਾਰ ਐਡੀਨੋਮਾ ਵੀ ਆਖਿਆ ਜਾਂਦਾ ਹੈ)। ਇਹ ਪੋਲਿਪਸ ਕੈਂਸਰ ਨਹੀਂ ਹੁੰਦੀਆਂ (ਆਮ ਤੌਰ 'ਤੇ ਇਹ ਕੋਈ ਨੁਕਸਾਨ ਨਹੀਂ ਪਹੁੰਚਾਉਂਦੀਆਂ), ਪਰ ਕਈ ਸਾਲਾਂ ਮਗਰੋਂ ਇਹ ਖ਼ਤਰਨਾਕ ਕੈਂਸਰ ਵੀ ਬਣ ਸਕਦੀਆਂ ਹਨ। ਕੋਈ ਕੈਂਸਰ ਉਸ ਵੇਲੇ ਖ਼ਤਰਨਾਕ ਬਣ ਜਾਂਦਾ ਹੈ, ਜਦ ਇਹਦੇ ਸੈੱਲ ਆਪਣੀ ਮੂਲ ਥਾਂ ਨੂੰ ਛੱਡ ਕੇ ਸਰੀਰ ਦੇ ਹੋਰ ਹਿੱਸਿਆਂ ਵਿਚ ਫੈਲਣ ਦੇ ਯੋਗ ਹੋ ਜਾਂਦੇ ਹਨ।

## *ਆਂਤੜੀਆਂ ਦਾ ਕੈਂਸਰ ਹੋ ਜਾਣ ਦਾ ਖ਼ਤਰਾ ਕਿਹਨੂੰ ਹੁੰਦਾ ਹੈ?*

- ਮਰਦਾਂ ਅਤੇ ਔਰਤਾਂ ਦੋਹਾਂ ਨੂੰ ਆਂੜਤੀਆਂ ਦਾ ਕੈਂਸਰ ਹੋਣ ਦਾ ਖ਼ਤਰਾ ਹੋ ਸਕਦਾ ਹੈ।
- ਉਮਰ ਵਧਣ ਨਾਲ ਇਹ ਕੈਂਸਰ ਹੋਣ ਦਾ ਖ਼ਤਰਾ ਵੀ ਵਧ ਜਾਂਦਾ ਹੈ। ਜਿਹਨਾਂ ਲੋਕਾਂ ਵਿਚ ਇਸ ਕੈਂਸਰ ਦੀ ਪਛਾਣ ਕੀਤੀ ਜਾਂਦੀ ਹੈ, ਉਹਨਾਂ ਵਿਚੋਂ ਹਰ 10 ਵਿਚੋਂ 8 ਦੀ ਉਮਰ 60 ਸਾਲ ਤੋਂ ਵੱਧ ਹੁੰਦੀ ਹੈ।
- ਜਿਹਨਾਂ ਲੋਕਾਂ ਦੇ ਪਰਿਵਾਰ ਵਿਚ ਪਹਿਲਾਂ ਕਿਸੇ ਨੂੰ ਆਂਤੜੀਆਂ ਦਾ ਕੈਂਸਰ ਹੋਇਆ ਹੋਵੇ, ਉਹਨਾਂ ਨੂੰ ਇਹ ਰੋਗ ਹੋ ਜਾਣ ਦਾ ਖ਼ਤਰਾ ਵੱਧ ਹੁੰਦਾ ਹੈ।

- ਜਿਹੇ ਲੋਕ ਕਸਰਤ ਨਹੀਂ ਕਰਦੇ, ਜਿਹਨਾਂ ਦਾ ਭਾਰ ਲੋੜ ਤੋਂ ਵੱਧ ਹੈ, ਜਿਹਨਾਂ ਦੇ ਭੋਜਨ ਵਿਚ ਲਾਲ ਮੀਟ ਦੀ ਮਿਕਦਾਰ ਵੱਧ ਅਤੇ ਸਬਜ਼ੀਆਂ, ਫ਼ਲਾਂ ਅਤੇ ਫ਼ਾਈਬਰ (ਕੁਦਰਤੀ ਰੇਸ਼ੇ) ਦੀ ਮਿਕਦਾਰ ਘੱਟ ਹੁੰਦੀ ਹੈ, ਉਹਨਾਂ ਨੂੰ ਆਂਤੜੀਆਂ ਦਾ ਕੈਂਸਰ ਹੋਣ ਦਾ ਖ਼ਤਰਾ ਵੱਧ ਹੁੰਦਾ ਹੈ।

## *ਸਕ੍ਰੀਨਿੰਗ ਟੈਸਟ ਕੀ ਕਰਦਾ ਹੈ?*

- ਇਸ ਟੈਸਟ ਰਾਹੀਂ ਤੁਹਾਡੇ ਪਾਖ਼ਾਨੇ ਵਿਚ ਹਲਕੀ ਜਿਹੀ ਮਿਕਦਾਰ ਵਿਚ ਆਉਣ ਵਾਲਾ ਖ਼ੂਨ ਦੇਖਿਆ ਜਾ ਸਕਦਾ ਹੈ, ਜੋ ਤੁਸੀਂ ਆਮ ਤੌਰ 'ਤੇ ਨਹੀਂ ਦੇਖ ਸਕਦੇ। ਇਹਨੂੰ **ਫ਼ੀਕਲ ਔਕਲਟ ਬਲੱਡ (ਐਫ਼ ਓ ਬੀ) ਟੈਸਟ (Faecal Occult Blood (FOB) test)** ਯਾਨੀ ਪਾਖ਼ਨੇ ਵਿਚ ਲੁਕੇ ਖ਼ੂਨ ਦਾ ਟੈਸਟ ਆਖਿਆ ਜਾਂਦਾ ਹੈ। ('ਔਕਲਟ ਬਲੱਡ' ਦਾ ਅਰਥ 'ਲੁਕਿਆ ਹੋਇਆ ਖ਼ੂਨ' ਹੈ)।
- ਪੋਲਿਪਸ (ਗਟੀਆਂ) ਅਤੇ ਆਂਤੜੀਆਂ ਦੇ ਕੈਸਰਾਂ ਵਿਚੋਂ ਕਈ ਵਾਰ ਖ਼ੂਨ ਸਿੰਮਦਾ ਹੈ, ਇਸੇ ਕਰਕੇ ਅਸੀਂ ਤੁਹਾਡੇ ਪਾਖ਼ਾਨੇ ਵਿਚ ਖ਼ੂਨ ਆਉਣ ਬਾਰੇ ਟੈਸਟ ਕਰਦੇ ਹਾਂ।
- **ਇਸ ਐਫ਼ ਓ ਬੀ ਟੈਸਟ ਨਾਲ ਆਂਤੜੀਆਂ ਦੇ ਕੈਂਸਰ ਦੀ ਪਛਾਣ ਨਹੀਂ ਹੁੰਦੀ,** ਪਰ ਇਹਦੇ ਨਤੀਜਿਆਂ ਤੋਂ ਇਹ ਪਤਾ ਲਗਦਾ ਹੈ ਕਿ ਕੀ ਤੁਹਾਡੀ ਆਂਤੜੀ ਦਾ ਟੈਸਟ (ਕੋਲੋਨੋਸਕੋਪੀ) ਕਰਨ ਦੀ ਲੋੜ ਹੈ।

## *ਸਕ੍ਰੀਨਿੰਗ (ਐਫ਼ ਓ ਬੀ) ਕਿਵੇਂ ਕੀਤਾ ਜਾਂਦਾ ਹੈ?*

ਐਫ਼ ਓ ਬੀ ਟੈਸਟ ਤੁਸੀਂ ਘਰ ਵਿਚ ਇਕੱਲੇ ਬਹਿ ਕੇ ਕਰਦੇ ਹੋ। ਸਕ੍ਰੀਨਿੰਗ ਕਿਟ ਦੀ ਮਦਦ ਨਾਲ ਤੁਸੀਂ ਆਪਣੇ ਪਾਖ਼ਾਨੇ ਦੇ ਛੋਟੇ-ਛੋਟੇ ਨਮੂਨੇ ਸੌਖੀ ਤਰ੍ਹਾਂ ਇਕੱਠੇ ਕਰ ਸਕਦੇ ਹੋ। ਇਹਨਾਂ ਨੂੰ ਤੁਸੀਂ ਛੋਟੇ-ਜਿਹੇ ਕਾਰਡ 'ਤੇ ਲਾ ਕੇ ਅਤੇ ਸੁਰੱਖਿਅਤ ਢੰਗ ਨਾਲ ਬੰਦ ਹੋ ਸਕਣ ਵਾਲੇ ਲਿਫ਼ਾਫ਼ੇ ਵਿਚ ਪਾ ਕੇ (ਜਿਹਦੇ 'ਤੇ ਡਾਕ ਟਿਕ ਲਾਉਣ ਦੀ ਲੋੜ ਨਹੀਂ) ਟੈਸਟ ਕਰਨ ਲਈ ਲੇਬਾਰੇਟਰੀ ਨੂੰ ਭੇਜਦੇ ਹੋ। ਹਰ ਕਿਟ ਵਿਚ ਪੂਰੀਆਂ ਹਿਦਾਇਤਾਂ ਦਿੱਤੀਆਂ ਹੁੰਦੀਆਂ ਹਨ। ਹੋ ਸਕਦਾ ਹੈ ਕਿ ਇਹ ਟੈਸਟ ਕਰਦਿਆਂ ਤੁਹਾਨੂੰ ਕੁਝ ਸ਼ਰਮ ਜਾਂ ਘਿਣ ਆਏ, ਪਰ ਇਹ ਥੋੜੇ ਜਿਹੇ ਮਿੰਟਾਂ ਵਿਚ ਕੀਤਾ ਜਾ ਸਕਦਾ ਹੈ ਅਤੇ ਆਂਤੜੀਆਂ ਦੇ ਕੈਂਸਰ ਦੀ ਸ਼ੁਰੂ ਵਿਚ ਪਛਾਣ ਕਰਨ ਲੈਣ ਦਾ ਇਹ ਕਾਰਗਰ ਢੰਗ ਹੈ।

## *ਟੈਸਟ ਦੇ ਨਤੀਜੇ ਮੈਨੂੰ ਕਦ ਮਿਲਣਗੇ ਅਤੇ ਇਹਨਾਂ ਤੋਂ ਕੀ ਪਤਾ ਲਗਦਾ ਹੈ?*

ਤੁਹਾਨੂੰ ਨਮੂਨਾ ਭੇਜਣ ਮਗਰੋਂ ਲੇਬਾਰੇਟਰੀ ਤੋਂ ਨਤੀਜੇ ਦੋ ਹਫ਼ਤਿਆਂ ਦੇ ਅੰਦਰ ਮਿਲ ਜਾਂਦੇ ਹਨ। ਤੁਹਾਨੂੰ ਤਿੰਨਾਂ ਵਿਚੋਂ ਕਿਸੇ ਇਕ ਕਿਸਮ ਦਾ ਨਤੀਜਾ ਮਿਲ ਸਕਦਾ ਹੈ।

- **ਆਮ (ਨੌਰਮਲ) ਨਤੀਜਾ** ਕਿ ਟੈਸਟ ਵਾਲੇ ਨਮੂਨੇ ਵਿਚ ਕੋਈ ਖ਼ੂਨ ਨਹੀਂ ਲੱਭਾ। ਜ਼ਿਆਦਾਤਰ (100 ਵਿਚੋਂ ਲੱਗਭਗ 98) ਲੋਕਾਂ 'ਦੇ ਨਤੀਜੇ 'ਆਮ' ਹੁੰਦੇ ਹਨ। ਇਹਨਾਂ ਵਿਚੋਂ ਕੁਝ ਲੋਕਾਂ ਦਾ ਟੈਸਟ ਦੁਬਾਰਾ ਕਰਨ ਦੀ ਲੋੜ ਪੈਂਦੀ ਹੈ, ਕਿਉਂਕਿ ਨਤੀਜਾ 'ਅਸਪੱਸ਼ਟ' ਹੁੰਦਾ ਹੈ।

**ਨਤੀਜਾ 'ਆਮ' ਹੋਣ ਨਾਲ ਇਹ ਗਾਰੰਟੀ ਨਹੀਂ ਮਿਲ ਜਾਂਦੀ ਕਿ ਤੁਹਾਨੂੰ ਆਂਤੜੀਆਂ ਦਾ ਕੈਂਸਰ ਨਹੀਂ ਹੈ ਅਤੇ ਆਉਣ ਵਾਲੇ ਸਮੇਂ ਵਿਚ ਕਦੇ ਵੀ ਨਹੀਂ ਹੋਏਗਾ।** ਇਸ ਕਰਕੇ ਤੁਹਾਨੂੰ ਆਂਤੜੀਆਂ ਦੇ ਕੈਂਸਰ ਦੇ ਲੱਛਣਾਂ ਬਾਰੇ ਪਤਾ ਹੋਣਾ ਬਹੁਤ ਜ਼ਰੂਰੀ ਹੈ (ਦੇਖੋ ਸਫ਼ਾ 10)। ਦੋ ਸਾਲਾਂ ਮਗਰੋਂ ਤੁਹਾਨੂੰ ਆਂਤੜੀਆਂ ਦੇ ਕੈਂਸਰ ਦੀ ਸਕ੍ਰੀਨਿੰਗ ਦੀ ਪੇਸ਼ਕਸ਼ ਫਿਰ ਕੀਤੀ ਜਾਏਗੀ।

- **ਅਸਪੱਸ਼ਟ (ਅਨਕਲੀਅਰ) ਨਤੀਜੇ** ਦਾ ਮਤਲਬ ਇਹ ਹੁੰਦਾ ਹੈ ਕਿ ਤੁਹਾਡੇ ਐਫ਼ ਓ ਬੀ ਟੈਸਟ ਵਿਚ ਥੋੜਾ ਜਿਹਾ ਖ਼ੂਨ ਹੋਣ ਦਾ ਸ਼ੱਕ ਪਿਆ। ਇਹਦਾ ਕਾਰਨ ਹੀਮੋਰਿਡਜ਼ (ਬਵਾਸੀਰ) ਜਾਂ ਪੇਟ ਦਾ ਅਲਸਰ (ਫੋੜਾ) ਹੋ ਸਕਦਾ ਹੈ। **ਅਸਪੱਸ਼ਟ ਨਤੀਜੇ ਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਕੈਂਸਰ ਹੈ, ਸਿਰਫ਼ ਇਹ ਕਿ ਤੁਹਾਡਾ ਐਫ਼ ਓ ਬੀ ਟੈਸਟ ਦੁਬਾਰਾ ਕਰਨ ਦੀ ਲੋੜ ਹੈ।**

ਜੇ ਤੁਹਾਡਾ ਨਤੀਜਾ ਅਸਪੱਸ਼ਟ ਹੋਵੇ, ਤਾਂ ਤੁਹਾਨੂੰ ਐਫ਼ ਓ ਬੀ ਟੈਸਟ ਵੱਧ ਤੋਂ ਵੱਧ ਦੋ ਵਾਰ ਫਿਰ ਤੋਂ ਕਰਵਾਉਣ ਲਈ ਆਖਿਆ ਜਾਏਗਾ, ਇਸ ਕਰਕੇ ਕਿ ਗਟੀਆਂ ਅਤੇ ਕੈਂਸਰਾਂ ਵਿਚੋਂ ਹਰ ਵੇਲੇ ਖ਼ੂਨ ਨਹੀਂ ਸਿੰਮਦਾ ਅਤੇ ਇਹ ਦੇਖਣਾ ਜ਼ਰੂਰੀ ਹੁੰਦਾ ਹੈ ਕਿ ਕੀ ਤੁਹਾਡੇ ਪਾਖ਼ਾਨੇ ਵਿਚ ਖ਼ੂਨ ਹੈ। ਹਰ 100 ਲੋਕਾਂ ਵਿਚੋਂ ਲੱਗਭਗ ਚਹੁੰਆਂਦੇ ਟੈਸਟਾਂ ਦੇ ਨਤੀਜੇ ਅਸਪੱਸ਼ਟ ਹੁੰਦੇ ਹਨ। ਜਿਹਨਾਂ ਲੋਕਾਂ ਦੇ ਟੈਸਟ ਦੁਬਾਰਾ ਕੀਤੇ ਜਾਂਦੇ ਹਨ, ਉਹਨਾਂ ਵਿਚੋਂ ਜ਼ਿਆਦਾਤਰ ਦੇ ਨਤੀਜੇ 'ਆਮ' ਨਿਕਲਦੇ ਹਨ।

- **ਗ਼ੈਰ-ਮਾਮੂਲੀ (ਐਬਨੌਰਮਲ) ਨਤੀਜੇ** ਦਾ ਮਤਲਬ ਇਹ ਹੁੰਦਾ ਹੈ ਕਿ ਐਫ਼ ਓ ਬੀ ਟੈਸਟ ਦੇ ਨਮੂਨੇ ਵਿਚ ਖ਼ੂਨ ਦਿਸਿਆ ਹੈ ਕਿ - **ਇਹ ਕੈਂਸਰ ਦੀ ਪਛਾਣ ਨਹੀਂ, ਪਰ ਇਹਦੇ ਕਰਕੇ ਤੁਹਾਡਾ ਕੋਲੋਨੋਸਕੋਪੀ ਟੈਸਟ ਕਰਨ ਦੀ ਪੇਸ਼ਕਸ਼ ਕੀਤੀ ਜਾਏਗੀ।** ਹੋ ਸਕਦਾ ਹੈ ਕਿ ਇਸ ਗ਼ੈਰ ਮਾਮੂਲੀ ਨਤੀਜੇ ਦਾ ਕਾਰਨ ਗਟੀਆਂ ਵਿਚੋਂ ਸਿੰਮਿਆ ਖ਼ੂਨ ਹੋਵੇ, ਕੈਂਸਰ ਨਹੀਂ। ਇਹਦਾ ਕੋਈ ਹੋਰ ਕਾਰਣ ਵੀ ਹੋ ਸਕਦਾ ਹੈ, ਜਿਵੇਂ ਬਵਾਸੀਰ।

ਜੇ ਤੁਹਾਡਾ ਨਤੀਜਾ ਗ਼ੈਰ-ਮਾਮੂਲੀ ਹੋਵੇ, ਤਾਂ ਤੁਹਾਨੂੰ ਅਪਣੀ ਆਂਤੜੀ ਦਾ ਜ਼ਿਆਦਾ ਵਸੀਹ ਟੈਸਟ (ਕੋਲੋਨੋਸਕੋਪੀ) ਕਰਵਾਉਣ ਬਾਰੇ ਗੱਲਬਾਤ ਕਰਨ ਲਈ ਕਿਸੇ ਖ਼ਾਸ ਨਰਸ ਨਾਲ ਅਪੁਆਇੰਮੈਂਟ ਦਿੱਤੀ ਜਾਏਗੀ। ਇਸ ਟੈਸਟ ਨਾਲ ਇਹ ਦੇਖਿਆ ਜਾਂਦਾ ਹੈ ਕਿ ਤੁਹਾਨੂੰ ਕੋਈ ਅਜਿਹੀ ਮਰਜ਼ ਤਾਂ ਨਹੀਂ, ਜਿਹਦਾ ਇਲਾਜ ਕਰਵਾਉਣ ਦੀ ਲੋੜ ਹੋਵੇ। ਟੈਸਟ ਕਰਵਾਉਣ ਵਾਲੇ ਹਰ 100 ਲੋਕਾਂ ਲੋਕਾਂ ਵਿਚੋਂ ਲੱਗਭਗ ਦੋਂਹ ਦੇ ਨਤੀਜੇ ਗ਼ੈਰ-ਮਾਮੂਲੀ ਹੁੰਦੇ ਹਨ।

## *ਸਕ੍ਰੀਨਿੰਗ ਟੈਸਟ ਦੇ ਨਤੀਜਿਆਂ ਦਾ ਖ਼ੁਲਾਸਾ*

| | |
|---|---|
| **ਆਮ** (**ਨੌਰਮਲ**) | ਹੋਰ ਕੋਈ ਟੈਸਟ ਕਰਵਾਉਣ ਦੀ ਲੋੜ ਨਹੀਂ। ਦੋ ਸਾਲਾਂ ਮਗਰੋਂ ਤੁਹਾਨੂੰ ਟੈਸਟ ਕਰਵਾਉਣ ਲਈ ਫਿਰ ਸੱਦਿਆ ਜਾਏਗਾ। |
| **ਅਸਪੱਸ਼ਟ** (**ਅਨਕਲੀਅਰ**) | ਐਫ਼ ਓ ਬੀ ਟੈਸਟ ਦੁਬਾਰਾ ਕਰਵਾਓ। |
| **ਗ਼ੈਰ-ਮਾਮੂਲੀ** (**ਐਬਨੌਰਮਲ**) | ਕੋਲੋਨੋਸਕੋਪੀ ਟੈਸਟ ਕਰਵਾਉਣ ਬਾਰੇ ਗੱਲਬਾਤ ਕਰਨ ਲਈ ਤੁਹਾਨੂੰ ਅਪੁਆਇੰਟਮੈਂਟ ਦਿੱਤੀ ਜਾਏਗੀ। |

## *ਕੋਲੋਨੋਸਕੋਪੀ ਕੀ ਹੈ?*

ਕੋਲੋਨੋਸਕੋਪੀ ਟੈਸਟ ਰਾਹੀਂ ਤੁਹਾਡੀ ਵੱਡੀ ਆਂਤੜੀ ਵਿਚਲੀ ਸੈੱਲਾਂ ਦੀ ਤਹਿ ਨੂੰ ਸਿੱਧਿਆਂ ਦੇਖਿਆ ਜਾਂਦਾ ਹੈ। ਇਕ ਪਤਲੀ ਜਿਹੀ ਲਚਕਦਾਰ ਟਿਊਬ ਟਿਊਬ 'ਤੇ ਕੈਮਰਾ (ਕੋਲੋਨੋਸਕੋਪ) ਲਾ ਕੇ ਗੁਦਾ ਰਾਹੀਂ ਤੁਹਾਡੀ ਆਂਤੜੀ ਤਕ ਪਹੁੰਚਾਇਆ ਜਾਂਦਾ ਹੈ। ਜੇ ਉੱਥੇ ਕੋਈ ਗਟੀਆਂ ਦਿਸਣ, ਤਾਂ ਕੋਲੋਨੋਸਕੋਪ ਵਾਲੀ ਟਿਊਬ ਰਾਹੀਂ ਤਾਰ ਦੀ ਲੂਪ ਪਾ ਕੇ ਉਹਨਾਂ ਨੂੰ ਕੱਢਿਆ ਜਾ ਸਕਦਾ ਹੈ, ਜਿਹਦੇ ਨਾਲ ਦਰਦ ਨਹੀਂ ਹੁੰਦਾ। ਕੱਢੀਆਂ ਗਈਆਂ ਗਟੀਆਂ ਨੂੰ ਚੈਕ ਕਰਕੇ ਦੇਖਿਆ ਜਾਂਦਾ ਹੈ ਕਿ ਇਹਨਾਂ ਵਿਚ ਕੋਈ ਗ਼ੈਰ-ਮਾਮੂਲੀ ਸੈੱਲ ਤਾਂ ਨਹੀਂ, ਜੋ ਕੈਂਸਰ ਦੇ ਸੈੱਲ ਹੋ ਸਕਦੇ ਹਨ।

- ਕੋਲੋਨੋਸਕੋਪੀ ਕਰਵਾਉਣ ਵਾਲੇ ਹਰ 10 ਲੋਕਾਂ ਵਿਚੋਂ ਪੰਜਾਂ ਦੇ ਨਤੀਜੇ 'ਆਮ' ਹੁੰਦੇ ਹਨ (ਉਹਨਾਂ ਦੇ ਅੰਦਰ ਕੈਂਸਰ ਜਾਂ ਗਟੀਆਂ ਨਹੀਂ ਹੁੰਦੀਆਂ)।
- ਹਰ 10 ਲੋਕਾਂ ਵਿਚੋਂ ਚਹੁੰ ਦੇ ਅੰਦਰ ਗਟੀਆਂ ਹੁੰਦੀਆਂ ਹਨ, ਜਿਹਨਾਂ ਨੂੰ ਕੱਢ ਦੇਣ ਨਾਲ ਕੈਂਸਰ ਦੀ ਰੋਕਥਾਮ ਹੋ ਸਕਦੀ ਹੈ।
- ਕੋਲੋਨੋਸਕੋਪੀ ਕਰਾਵਾਉਣ ਵਾਲੇ ਹਰ 10 ਲੋਕਾਂ ਵਿਚੋਂ ਇਕ ਵਿਚ ਕੈਂਸਰ ਨਿਕਲਦਾ ਹੈ।

ਆਂਤੜੀਆਂ ਦੇ ਕੈਂਸਰ ਦੀ ਪਛਾਣ ਕਰਨ ਦਾ ਸਭ ਤੋਂ ਕਾਰਗਰ ਢੰਗ ਕੋਲੋਨੋਸਕੋਪੀ ਹੈ। ਜ਼ਿਆਦਾਤਰ ਲੋਕਾਂ ਲਈ ਕੋਲੋਨੋਸਕੋਪੀ ਕਰਵਾਉਣਾ ਬਿਲਕੁਲ ਸਿੱਧ ਪੱਧਰਾ ਕੰਮ ਹੁੰਦਾ ਹੈ। ਪਰ ਜ਼ਿਆਦਾਤਰ ਡਾਕਟਰੀ ਕੰਮਾਂ ਵਾਂਗ, ਇਹਦੇ ਵਿਚ ਵੀ ਕੁਝ ਉਲਝਣਾਂ ਪੈਦਾ ਹੋ ਸਕਦੀਆਂ ਹਨ, ਜਿਵੇਂ ਬਹੁਤ ਜ਼ਿਆਦਾ ਖ਼ੂਨ ਵਗਣਾ (150 ਵਿਚੋਂ ਲੱਗਭਗ ਇਕ ਕੇਸ ਵਿਚ) ਜਿਹਦੇ ਬਾਰੇ ਹੋਰ ਜਾਂਚ-ਪੜਤਾਲ ਕਰਨ ਜਾਂ ਡਾਕਟਰੀ ਸਲਾਹ ਲੈਣ ਦੀ ਲੋੜ ਪੈ ਸਕਦੀ ਹੈ। ਕੋਲੋਨੋਸਕੋਪੀ ਨਾਲ ਆਂਤੜੀ ਦੀ ਕੰਧ ਵਿਚ ਸੁਰਾਖ਼ ਪੈ ਸਕਦਾ ਹੈ (1500 ਵਿਚੋਂ ਲੱਗਭਗ ਇਕ ਕੇਸ ਵਿਚ)। ਕੋਲੋਨੋਸਕੋਪੀ ਨਾਲ ਮੌਤ ਵੀ ਹੋ ਸਕਦੀ ਹੈ, ਪਰ ਅਜਿਹਾ ਬਹੁਤ ਹੀ ਘੱਟ ਹੁੰਦਾ ਹੈ। ਇਸ ਵੇਲੇ ਮਿਲਣ ਵਾਲੀ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਹਰ 10,000 ਕੇਸਾਂ ਵਿਚੋਂ ਇਕ ਵਿਚ ਹੀ ਅਜਿਹਾ ਹੋ ਸਕਦਾ ਹੈ।

ਕੋਲੋਨੋਸਕੋਪੀ ਬਾਰੇ ਹੋਰ ਜਾਣਕਾਰੀ ਲੈਣ ਲਈ ਤੁਸੀਂ ਸਾਡਾ ਪਰਚਾ 'The Colonoscopy Investigation' (ਕੋਲੋਨਮੋਸਕੋਪੀ ਵਾਲੀ ਜਾਂਚ ਪੜਤਾਲ) ਪੜ੍ਹ ਸਕਦੇ ਹੋ। ਜਿਹਨਾਂ ਨੂੰ ਕੋਲੋਨੋਸਕੋਪੀ ਲਈ ਅਪੁਆਇੰਟਮੈਂਟ ਭੇਜੀ ਜਾਂਦੀ ਹੈ, ਉਹਨਾਂ ਨੂੰ ਅਸੀਂ ਇਹ ਪਰਚਾ ਭੇਜਦੇ ਹਾਂ। **ਯਾਦ ਰੱਖੋ ਕਿ ਐਫ਼ ਓ ਬੀ ਟੈਸਟ ਕਰਵਾਉਣ ਵਾਲੇ ਜ਼ਿਅਦਾਤਰ ਲੋਕਾਂ ਨੂੰ ਕੋਲੋਨੋਸਕੋਪੀ ਕਰਵਾਉਣ ਦੀ ਲੋੜ ਨਹੀਂ ਪੈਂਦੀ।**

## *ਜੇ ਮੇਰੇ ਐਫ਼ ਓ ਬੀ ਟੈਸਟ ਦੇ ਨਤੀਜੇ ਗ਼ੈਰ-ਮਾਮੂਲੀ ਹੋਣ ਤਾਂ ਕੀ ਮੈਨੂੰ ਕੋਲੋਨੋਸਕੋਪੀ ਕਰਾਵਉਣੀ ਪਏਗੀ?*

ਜੇ ਤੁਹਾਡੇ ਨਤੀਜੇ ਗ਼ੈਰ-ਮਾਮੂਲੀ ਆਉਣ ਤਾਂ ਤੁਹਾਨੂੰ ਖ਼ਾਸ ਨਰਸ ਨਾਲ ਅਪੁਆਇੰਟਮੈਂਟ ਦਿੱਤੀ ਜਾਏਗੀ, ਜੋ ਕੋਲੋਨੋਸਕੋਪੀ ਕਰਨ ਦੇ ਢੰਗ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਦੇਵੇਗੀ ਅਤੇ ਦੇਖੇਗੀ ਕਿ ਤੁਸੀਂ ਇਹ ਟੈਸਟ ਕਰਵਾਉਣ ਦੇ ਯੋਗ ਵੀ ਹੋ ਜਾਂ ਨਹੀਂ। ਜੇ ਤੁਸੀਂ ਕੋਲੋਨੋਸਕੋਪੀ ਕਰਵਾਉਣੀ ਹੋਵੇ, ਤਾਂ ਨਰਸ ਤੁਹਾਡੇ ਲਈ ਅਪੁਆਇੰਟਮੈਮਟ ਬੁਕ ਕਰੇਗੀ।

## *ਕੈਂਸਰ ਸਕ੍ਰੀਨਿੰਗ ਕਿੰਨੀ ਕੁ ਭਰੋਸੇਯੋਗ ਹੈ?*

- ਇਹ ਸਾਬਤ ਹੋ ਚੁੱਕਿਆ ਹੈ ਕਿ ਆਤੜੀਆਂ ਦੇ ਕੈਂਸਰ ਦੀ ਸਕ੍ਰੀਨਿੰਗ ਕਰਵਾਉਣ ਨਾਲ ਇਸ ਕੈਂਸਰ ਨਾਲ ਮੌਤ ਹੋਣ ਦਾ ਖ਼ਤਰਾ ਘਟ ਜਾਂਦਾ ਹੈ।
- ਹੋਰ ਸਭ ਸਕ੍ਰੀਨਿੰਗ ਟੈਸਟਾਂ ਵਾਂਗ ਐਫ਼ ਓ ਬੀ ਟੈਸਟ ਵੀ 100% ਭਰੋਸੇਯੋਗ ਨਹੀਂ।
- ਜੇ ਸਕ੍ਰੀਨਿੰਗ ਟੈਸਟ ਹੋਣ ਵੇਲੇ ਕੈਂਸਰ ਵਿਚੋਂ ਖ਼ੂਨ ਨਹੀਂ ਸਿੰਮ ਰਿਹਾ ਸੀ, ਤਾਂ ਹੋ ਸਕਦਾ ਹੈ ਕਿ ਕੈਂਸਰ ਦਾ ਪਤਾ ਨਾ ਲੱਗੇ।

- ਸਕ੍ਰੀਨਿੰਗ ਟੈਸਟਾਂ ਦੇ ਵਿਚਾਲੇ ਦੇ ਦੋ ਸਾਲਾਂ ਦੇ ਸਮੇਂ ਵਿਚ ਆਂਤੜੀਆਂ ਦਾ ਕੈਂਸਰ ਸ਼ੁਰੂ ਹੋ ਸਕਦਾ ਹੈ।
- ਸਕ੍ਰੀਨਿੰਗ ਟੈਸਟਾਂ ਦੇ ਵਿਚਾਲੇ ਦੇ ਦੋ ਸਾਲਾਂ ਦੇ ਸਮੇਂ ਵਿਚ ਆਂਤੜੀਆਂ ਦੇ ਕੈਂਸਰ ਦੇ ਲੱਛਣਾਂ ਬਾਰੇ ਖ਼ਬਰਦਾਰ ਰਹਿਣਾ ਜ਼ਰੂਰੀ ਹੈ।

## *ਆਂਤੜੀਆਂ ਦੇ ਕੈਂਸਰ ਦੇ ਲੱਛਣ ਕੀ ਹਨ?*

ਆਂਤੜੀਆਂ ਦੇ ਕੈਂਸਰ ਦੇ ਸਭ ਤੋਂ ਵੱਧ ਦਿਸਣ ਵਾਲੇ ਇਹਨਾਂ ਲੱਛਣਾਂ ਬਾਰੇ ਖ਼ਬਰਦਾਰ ਰਹਿਣਾ ਚਾਹੀਦਾ ਹੈ:

- ਪਾਖ਼ਾਨਾ ਆਉਣ ਦੇ ਢੰਗਾਂ ਵਿਚ ਕਾਫ਼ੀ ਦੇਰ ਰਹਿਣ ਵਾਲੀ ਤਬਦੀਲੀ, ਖ਼ਾਸ ਤੌਰ 'ਤੇ ਜ਼ਿਆਦਾ ਵਾਰ ਟਾਇਲਟ ਜਾਣਾ ਜਾਂ ਕਈ ਹਫ਼ਤੇ ਜੁਲਾਬ ਲੱਗੇ ਰਹਿਣਾ;
- ਕਿਸੇ ਸਪੱਸ਼ਟ ਕਾਰਣ ਬਿਨਾਂ ਗੁਦਾ ਰਾਹੀਂ ਖ਼ੂਨ ਆਉਣਾ;
- ਪੇਟ ਵਿਚ ਦਰਦ, ਖ਼ਾਸ ਤੌਰ 'ਤੇ ਇਹ ਬਹੁਤ ਤੇਜ਼ ਹੋਵੇ; ਅਤੇ
- ਪੇਟ ਵਿਚ ਗਿਲਟੀ।

ਪਰ ਇਹ ਯਾਦ ਰੱਖੋ ਕਿ ਇਹ ਤਕਲੀਫ਼ਾਂ ਹੋਣ ਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਜ਼ਰੂਰ ਹੀ ਆਂਤੜੀਆਂ ਦਾ ਕੈਂਸਰ ਹੈ, ਪਰ ਜੇ ਤੁਹਾਨੂੰ ਇਹਨਾਂ ਵਿਚੋਂ ਕੋਈ ਇਕ ਜਾਂ ਇਕ ਤੋਂ ਵੱਧ ਤਕਲੀਫ਼ਾਂ ਚਾਰ ਤੋਂ ਛੇ ਹਫ਼ਤੇ ਰਹਿਣ, ਤਾਂ ਤੁਸੀਂ ਆਪਣੇ ਜੀ ਪੀ ਡਾਕਟਰ ਕੋਲ ਜਾਓ।

## *ਜੇ ਮੈਨੂੰ ਆਂਤੜੀਆਂ ਦੇ ਕੈਂਸਰ ਦੇ ਇਲਾਜ ਦੀ ਲੋੜ ਹੋਵੇ ਤਾਂ?*

ਅਜਿਹਾ ਘੱਟ ਹੁੰਦਾ ਹੈ, ਪਰ ਜੇ ਤੁਹਾਨੂੰ ਆਂਤੜੀਆਂ ਦਾ ਕੈਂਸਰ ਹੋਣ ਦਾ ਪਤਾ ਲਗ ਜਾਏ, ਤਾਂ ਮਾਹਰਾਂ ਦੀ ਟੀਮ ਤੁਹਾਡੀ ਦੇਖਭਾਲ ਕਰੇਗੀ। ਉਹ ਯਕੀਨੀ ਬਣਾਉਣਗੇ ਕਿ ਹਰ ਵੇਲੇ ਤੁਹਾਡੀ ਵੱਧ ਤੋਂ ਵੱਧ ਚੰਗੀ ਦੇਖਭਾਲ ਅਤੇ ਇਲਾਜ ਹੋਵੇ।

ਜੇ ਆਂਤੜੀਆਂ ਦੇ ਕੈਂਸਰ ਦੀ ਸ਼ੁਰੂ ਵਿਚ ਹੀ ਪਛਾਣ ਹੋ ਜਾਏ, ਤਾਂ ਠੀਕ ਹੋ ਜਾਣ ਦੀ 90% ਤੋਂ ਵੱਧ ਸੰਭਾਵਨਾ ਹੁੰਦੀ ਹੈ। (ਕੈਂਸਰ ਰਿਸਰਚ ਯੂ ਕੇ, 2005; *Cancerstats*).

ਆਂਤੜੀਆਂ ਦੇ ਕੈਂਸਰ ਦਾ ਮੁੱਖ ਇਲਾਜ ਸਰਜਰੀ (ਆਪ੍ਰੇਸ਼ਨ) ਹੈ। ਕਈ ਹਾਲਤਾਂ ਵਿਚ ਕੀਮੋਥੈਰਾਪੀ (ਦਵਾਈਆਂ ਨਾਲ ਇਲਾਜ) ਜਾਂ ਰੇਡੀਓਥੈਰਾਪੀ (ਐਕਸਰੇਅ ਨਾਲ ਇਲਾਜ) ਕਰਨ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ।

ਜੇ ਕੋਲੋਨੋਸਕੋਪੀ ਨਾਲ ਕੱਢੀ ਗਈ ਗਟੀ ਵਿਚ ਕੈਂਸਰ ਹੋਵੇ, ਤਾਂ ਇਹਤੋਂ ਬਾਅਦ ਸਿਰਫ਼ ਬਾਕਾਇਦਾ ਚੈੱਕ ਕਰਦੇ ਰਹਿਣ ਦੀ ਹੀ ਲੋੜ ਹੁੰਦੀ ਹੈ।

ਸਕ੍ਰੀਨਿੰਗ ਰਾਹੀਂ ਪਛਾਣੇ ਗਏ ਸਾਰੇ ਦੇ ਸਾਰੇ ਆਂਤੜੀਆਂ ਦੇ ਕੈਸਰਾਂ ਨੂੰ ਠੀਕ ਨਹੀਂ ਕੀਤਾ ਜਾ ਸਕਦਾ।

## *ਟੈਸਟ ਕਰਨ ਮਗਰੋਂ ਮੇਰੇ ਨਮੂਨੇ ਦਾ ਕੀ ਕੀਤਾ ਜਾਏਗਾ?*

ਐਫ਼ ਓ ਬੀ ਨਮੂਨੇ ਦੀ ਜਾਂਚ-ਪੜਤਾਲ ਕਰਨ ਮਗਰੋਂ ਇਹਦੇ ਨਤੀਜੇ ਡੇਟਾਬੇਸ ਵਿਚ ਦਰਜ ਕੀਤੇ ਜਾਂਦੇ ਹਨ ਅਤੇ ਨਮੂਨੇ ਵਾਲਾ ਕਾਰਡ ਨਸ਼ਟ ਕਰ ਦਿੱਤਾ ਜਾਂਦਾ ਹੈ। ਤੁਹਾਨੂੰ ਵਧੀਆ ਸੇਵਾ ਦੇਣ ਲਈ ਅਪਣੇ ਖ਼ਾਸ ਸਟਾਫ਼ ਦੀ ਮਹਾਰਤ ਵਿਚ ਵਾਧਾ ਕਰਨ ਲਈ ਅਸੀਂ ਸਾਰੇ ਸਕ੍ਰੀਨਿੰਗ ਰਿਕਾਰਡਾਂ ਬਾਰੇ ਬਾਕਾਇਦਾ ਵਿਚਾਰ ਕਰਦੇ ਰਹਿੰਦੇ ਹਾਂ। ਇਹਦਾ ਮਤਲਬ ਹੈ ਕਿ ਹੈਲਥ ਸਰਵਿਸ ਵਿਚ ਹੋਰ ਥਾਂਵਾਂ 'ਤੇ ਕੰਮ ਕਰਨ ਵਾਲੇ ਸਟਾਫ਼ ਨੂੰ ਵੀ ਤੁਹਾਡੇ ਰਿਕਾਰਡ ਦੇਖਣ ਦੀ ਲੋੜ ਪਏਗੀ।

ਤੁਸੀਂ ਐੱਨ ਐੱਚ ਐੱਸ ਡਾਇਰੈਕਟ ਨੂੰ ਨੰਬਰ 0845 4647 'ਤੇ ਫ਼ੋਨ ਕਰਕੇ ਪੁੱਛ ਸਕਦੇ ਹੋ ਕਿ ਅਸੀਂ ਤੁਹਾਡੇ ਰਿਕਾਰਡ ਕਿਵੇਂ ਰੱਖਦੇ ਹਾਂ।

## *ਖ਼ੁਲਾਸਾ*

ਆਂਤੜੀਆਂ ਦੇ ਕੈਂਸਰ ਦੀ ਸਕ੍ਰੀਨਿੰਗ ਕਰਵਾਉਣ ਜਾਂ ਨਾ ਕਰਵਾਉਣ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਤੁਹਾਨੂੰ ਇਹਦੇ ਕੁਝ ਫ਼ਾਇਦਿਆਂ ਅਤੇ ਨੁਕਸਾਨਾਂ ਬਾਰੇ ਵਿਚਾਰ ਕਰ ਲੈਣਾ ਚਾਹੀਦਾ ਹੈ ਅਤੇ ਇਹ ਸੋਚਣਾ ਚਾਹੀਦਾ ਹੈ ਕਿ ਤੁਹਾਡੇ ਲਈ ਕੀ ਜ਼ਰੂਰੀ ਹੈ।

- ਯੂ ਕੇ ਵਿਚ ਲੋਕਾਂ ਦੀ ਜਾਨ ਲੈਣ ਵਾਲੇ ਕੈਂਸਰਾਂ ਵਿਚੋਂ ਆਂਤੜੀਆਂ ਦੇ ਕੈਂਸਰ ਦਾ ਨੰਬਰ ਦੂਸਰਾ ਹੈ। ਆਂਤੜੀਆਂ ਦੇ ਕੈਂਸਰ ਦੀ ਸਕ੍ਰੀਗਿੰ ਕਰਵਾਉਣ ਨਾਲ ਇਸ ਕੈਂਸਰ ਨਾਲ ਤੁਹਾਡੇ ਮਰਨ ਦਾ ਖ਼ਤਰਾ ਘਟ ਜਾਂਦਾ ਹੈ।

- ਆਂਤੜੀਆਂ ਦੇ ਕੈਂਸਰ ਦੀ ਸਕ੍ਰੀਨਿੰਗ ਕਰਵਾਉਣ ਨਾਲ ਗਟੀਆਂ ਦਾ ਵੀ ਪਤਾ ਲਗ ਜਾਂਦਾ ਹੈ, ਜੋ ਬਾਅਦ ਵਿਚ ਕੈਂਸਰ ਬਣ ਸਕਦੀਆਂ ਹਨ। ਕੋਲੋਨੋਸਕੋਪੀ ਵੇਲੇ ਗਟੀਆਂ ਕਢਵਾਉਣ ਨਾਲ ਆਉਣ ਵਾਲੇ ਸਮੇਂ ਵਿਚ ਤੁਹਾਨੂੰ ਆਂਤੜੀਆਂ ਦਾ ਕੈਂਸਰ ਹੋਣ ਦਾ ਖ਼ਤਰਾ ਘਟ ਜਾਂਦਾ ਹੈ।

- ਜੇ ਸਕ੍ਰੀਨਿੰਗ ਟੈਸਟ ਕਰਵਾਉਣ ਵੇਲੇ ਕੈਂਸਰ ਵਿਚੋਂ ਖ਼ੂਨ ਨਹੀਂ ਸਿੰਮ ਰਿਹਾ ਸੀ, ਤਾਂ ਹੋ ਸਕਦਾ ਹੈ ਕਿ ਇਹਦਾ ਪਤਾ ਨਾ ਲੱਗੇ।
- ਟੈਸਟ ਦੇ ਗ਼ੈਰ-ਮਾਮੂਲੀ ਨਤੀਜੇ ਦਾ ਮਤਲਬ ਇਹ ਹੈ ਕਿ ਤੁਹਾਡੀ ਕੋਲੋਨੋਸਕੋਪੀ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਏਗੀ। ਕੋਲੋਨੋਸਕੋਪੀ ਕਰਵਾਉਣ ਵਾਲੇ ਜ਼ਿਆਦਾਤਰ ਲੋਕਾਂ ਨੂੰ ਕੈਂਸਰ ਨਹੀਂ ਹੁੰਦਾ। ਕੋਲੋਨੋਸਕੋਪੀ ਤੋਂ ਕੁਝ ਖ਼ਤਰੇ ਹੋ ਸਕਦੇ ਹਨ, ਪਰ ਅਜਿਹਾ ਬਹੁਤ ਹੀ ਘੱਟ।

- ਸਕ੍ਰੀਨਿੰਗ ਰਾਹੀਂ ਪਛਾਣੇ ਗਏ ਸਾਰੇ ਦੇ ਸਾਰੇ ਆਂਤੜੀਆਂ ਦੇ ਕੈਸਰਾਂ ਨੂੰ ਦਾ ਸਫਲ ਇਲਾਜ ਨਹੀਂ ਕੀਤਾ ਜਾ ਸਕਦਾ।

- ਭਾਵੇਂ ਐਫ਼ ਓ ਬੀ ਟੈਸਟ ਵਾਲਾ ਕੰਮ ਕਈ ਕਰਨਾ ਲੋਕਾਂ ਨੂੰ ਚੰਗਾ ਨਹੀਂ ਲਗਦਾ, ਪਰ ਇਹ ਕੰਮ ਤੁਸੀਂ ਆਪਣੇ ਘਰ ਵਿਚ ਇਕੱਲੇ ਬਹਿ ਕੇ ਕਰ ਸਕਦੇ ਹੋ।

ਇਹ ਪਰਚਾ ਕੈਂਸਰ ਰਿਸਰਚ ਯੂ ਕੇ ਨੇ ਐਨ ਐੱਚ ਐੱਸ ਬਾਓਲ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਦੇ ਸਹਿਯੋਗ ਨਾਲ ਤਿਆਰ ਹੋਇਆ, ਜਿਹਦੇ ਲਈ ਇੰਗਲਿਸ਼ ਬਾਓਲ ਕੈਂਸਰ ਸਕ੍ਰੀਨਿੰਗ ਤੋਂ ਤੋਂ ਵੀ ਸਲਾਹ ਲਈ ਗਈ।

ਇਹਨੂੰ ਤਿਆਰ ਕਰਨ ਲਈ ਹੇਠ ਲਿਖੀਆਂ ਚੈਰਿਟੀਆਂ ਨਾਲ ਵੀ ਸਲਾਹ ਮਸ਼ਵਰਾ ਕੀਤਾ ਗਿਆ।

- ਬੀਟਿੰਗ ਬਾਓਲ ਕੈਂਸਰ
- ਬਾਓਲ ਕੈਂਸਰ ਯੂ ਕੇ
- ਕੈਂਸਰਬੈਕਅਪ
- ਮੈੱਨਜ਼ ਹੈਲਥ ਫ਼ੋਰਮ

## *ਹੋਰ ਜਾਣਕਾਰੀ ਅਤੇ ਮਦਦ*

ਜੇ ਤੁਸੀਂ ਕੋਈ ਸਵਾਲ ਪੁੱਛਣੇ ਹਨ ਜਾਂ ਤੁਹਾਨੂੰ ਬਾਓਲ ਕੈਂਸਰ ਦੀ ਸਕ੍ਰੀਨਿੰਗ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ, ਤਾਂ ਤੁਸੀਂ ਇਹ ਕੰਮ ਕਰ ਸਕਦੇ ਹੋ:

- ਅਪਣੀ ਪ੍ਰੋਗਰਾਮ ਹੱਬ ਨਾਲ ਫ਼੍ਰੀਫ਼ੋਨ ਨੰਬਰ 0800707 60 60 'ਤੇ ਗੱਲ ਕਰੋ;
- ਅਪਣੇ ਜੀ ਪੀ ਡਾਕਟਰ ਨਾਲ ਗੱਲ ਕਰੋ;
- ਐੱਨ ਐੱਚ ਐੱਸ ਕੈਂਸਰ ਸਕ੍ਰੀਨਿੰਗ ਪ੍ਰੋਗਰਾਮਜ਼ ਦੀ ਇਹ ਵੈੱਬਸਾਈਟ ਪੜ੍ਹੋ - www.cancerscreening.nhs.uk;
- ਐੱਨ ਐੱਚ ਐੱਸ ਡਾਇਰੈਕਟ ਦੀ ਇਹ ਵੈੱਬਸਾਈਟ ਪੜ੍ਹੋ - www.nhsdirect.nhs.uk;
- ਕੈਂਸਰਬੈਕਅਪ ਦੀ ਇਹ ਵੈੱਬਸਾਈਟ ਪੜ੍ਹੋ - www.cancerbackup.org.uk, ਜਾਂ ਇਸ ਨੰਬਰ 'ਤੇ ਫ਼ੋਨ ਕਰੋ - 0808 8001234;
- ਕੈਂਸਰਹੈਲਪ ਦੀ ਇਹ ਵੈੱਬਸਾਈਟ ਪੜ੍ਹੋ - www.cancerhelp.org.uk, ਜਾਂ ਇਸ ਨੰਬਰ 'ਤੇ ਫ਼ੋਨ ਕਰੋ - 0800 226237;
- ਬਾਓਲਕੈਂਸਰ ਯੂ ਕੇ ਦੀ ਇਹ ਵੈੱਬਸਾਈਟ ਪੜ੍ਹੋ - www.bowelcanceruk.org.uk, ਜਾਂ ਇਸ ਨੰਬਰ 'ਤੇ ਫ਼ੋਨ ਕਰੋ - 08708 506050;
- ਬੀਟਿੰਗ ਬਾਓਲ ਕੈਂਸਰ ਦੀ ਇਹ ਵੈੱਬਸਾਈਟ ਪੜ੍ਹੋ - www.beatingbowelcancer.org, ਜਾਂ ਇਸ ਨੰਬਰ 'ਤੇ ਫ਼ੋਨ ਕਰੋ - 02088925256;
- ਮੈੱਨਜ਼ ਹੈਲਥ ਫ਼ੋਰਮ ਦੀ ਇਹ ਵੈੱਬਸਾਈਟ ਪੜ੍ਹੋ - www.menshealthforum.org.uk, ਜਾਂ ਇਸ ਨੰਬਰ 'ਤੇ ਫ਼ੋਨ ਕਰੋ - 02073884449.

ਜੇ ਤੁਹਾਡੀ ਉਮਰ 70 ਸਾਲ ਜਾਂ ਵੱਧ ਹੈ ਅਤੇ ਤੁਸੀਂ ਬਾਓਲ ਕੈਂਸਰ ਸਕ੍ਰੀਨਿੰਗ ਕਿਟ ਲੈਣਾ ਚਾਹੁੰਦੇ ਹੋ, ਤਾਂ ਇਸ **ਫ਼੍ਰੀਫ਼ੋਨ ਨੰਬਰ 'ਤੇ ਫ਼ੋਨ ਕਰੋ** - **0800 707 60 60.**

ਡਿਪਾਰਟਮੈਂਟ ਆੱਵ ਹੈਲਥ ਨੇ ਐਨ ਐੱਚ ਐੱਸ ਕੈਂਸਰ ਸਕ੍ਰੀਨਿੰਗ ਪ੍ਰੋਗਰਾਮਜ਼ ਦੇ ਸਹਿਯੋਗ ਨਾਲ ਅਤੇ ਕੈਂਸਰ ਰਿਸਰਚ ਯੂ ਕੇ ਪ੍ਰਾਇਮਰੀ ਕੇਅਰ ਐਜੂਕੇਸ਼ਨ ਗਰੁਪ ਤੋਂ ਸਲਾਹ ਅਤੇ ਮਦਦ ਲੈ ਕੇ ਪ੍ਰਕਾਸ਼ਿਤ ਕੀਤਾ।

CANCER RESEARCH UK

© Crown copyright 2006
273372 1p Nov06

ਸੀ ਓ ਆਈ ਨੇ ਡਿਪਾਰਟਮੈਂਟ ਆੱਫ਼ ਹੈਲਥ ਲਈ ਤਿਆਰ ਕੀਤਾ
ਪਹਿਲਾ ਐਡੀਸ਼ਨ ਮਈ 2006

ਇਸ ਪਰਚੇ ਦੀ ਇਬਾਰਤ ਨੂੰ ਨਿਜੀ ਜਾਂ ਸੰਸਥਾ ਦੇ ਅੰਦਰ ਵਰਤੋਂ ਲਈ ਕੋਈ ਰਸਮੀ ਇਜਾਜ਼ਤ ਲਏ ਬਿਨਾਂ ਮੁਫ਼ਤ ਛਾਪਿਆ ਜਾ ਸਕਦਾ ਹੈ।

ਜੇ ਤੁਹਾਨੂੰ ਇਸ ਪਰਚੇ ਦੀਆਂ ਹੋਰ ਕਾਪੀਆਂ ਚਾਹੀਦੀਆਂ ਹਨ, ਤਾਂ ਹੇਠ ਲਿਖੇ ਪਤੇ 'ਤੇ ਰਾਬਤਾ ਕਰੋ ਅਤੇ 273372/Bowel cancer - The Facts ਦਾ ਹਵਾਲਾ ਦਿਓ।

DH Publications Orderline
PO Box 777 London SE1 6XH
ਈਮੇਲ: dh@prolog.uk.com
ਟੈਲੀਫ਼ੋਨ: 08701 555 455
ਫ਼ੈਕਸ: 01623 724 524
ਟੈਕਸਟਫ਼ੋਨ: 08700 102 870 (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ ਦੇ 6 ਵਜੇ ਤਕ)

www.cancerscreening.nhs.uk